Surrey Schools
LEADERSHIP IN LEARNING

Tel: 604.596.7733
www.surreyschools.ca

# ਨਵੇਂ ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ

**(**Registration – New students)

*ਸਰੀ ਸਕੂਲ ਜ਼ਿਲ੍ਹੇ ਵਿੱਚ ਆਉਣ ਵਾਲੇ ਵਿਦਿਆਰਥੀਆਂ ਨੂੰ ਆਪਣੇ ਨੇੜੇ ਦੇ ਸਕੂਲ ਵਿੱਚ ਜਾਂ ਜੇ ਥਾਂ ਹੋਵੇ ਤਾਂ ਆਪਣੀ ਪਸੰਦ ਦੇ ਸਕੂਲ ਵਿੱਚ ਖੁਦ ਜਾ ਕੇ ਰਜਿਸਟਰ ਹੋਣ ਦੀ ਲੋੜ ਹੈ।*

ਰਜਿਸਟਰ ਹੋਣ ਸਮੇਂ ਸਕੂਲ ਵਿੱਚ ਹੇਠ ਲਿਖੇ ਕਾਗਜ਼ਾਂ ਦੀ ਲੋੜ ਪਵੇਗੀ:

1. ਵਿਦਿਆਰਥੀ ਦੀ **ਜਨਮ ਤਰੀਕ ਦਾ ਸਬੂਤ** (ਜਨਮ ਸਰਟੀਫਿਕੇਟ ਜਾਂ ਪਾਸਪੋਰਟ);

2. **ਗਾਰਡੀਅਨਸ਼ਿੱਪ ਦਾ ਸਬੂਤ** (ਜਿਸ ਤਰ੍ਹਾਂ ਬੱਚੇ ਦੇ ਜਨਮ ਸਰਟੀਫਿਕੇਟ ਜਾਂ ਲੈਂਡਿਡ ਇੰਮੀਗ੍ਰੈਂਟ ਦੇ ਕਾਗਜ਼ਾਂ ਜਾਂ ਗਾਰਡੀਅਨਸ਼ਿੱਪ ਦੇ ਹੁਕਮ ਵਰਗੇ ਹੋਰ ਢੁਕਵੇਂ ਕਾਨੂੰਨੀ ਕਾਗਜ਼ਾਂ 'ਤੇ ਦਿਖਾਇਆ ਗਿਆ ਹੋਵੇ);

3. **ਮਾਪੇ ਅਤੇ ਵਿਦਿਆਰਥੀ ਦੋਵਾਂ ਦੀ ਨਾਗਰਿਕਤਾ ਦਾ ਸਬੂਤ** (ਕੈਨੇਡਾ ਦਾ ਜਨਮ ਸਰਟੀਫਿਕੇਟ, ਸਿਟੀਜ਼ਨਸ਼ਿੱਪ ਕਾਰਡ, ਪਾਸਪੋਰਟ, ਲੈਂਡਿਡ ਇੰਮੀਗ੍ਰੈਂਟ ਦੇ ਕਾਗਜ਼, ਪੱਕੇ ਵਸਨੀਕ (ਪਰਮਾਨੈਂਟ ਰੈਜ਼ੀਡੈਂਟ) ਦਾ ਕਾਰਡ, ਇਨਹਾਂਸਡ ਡਰਾਈਵਰ ਲਾਇਸੰਸ ਜਾਂ ਇਨਹਾਂਸਡ ਆਈਡੈਂਟੀਫਿਕੇਸ਼ਨ ਕਾਰਡ);

4. **ਮਾਪੇ/ਗਾਰਡੀਅਨ ਦੀ ਬੀ. ਸੀ. ਵਿੱਚ ਰਿਹਾਇਸ਼ ਦਾ ਸਬੂਤ** ( **ਜਿਵੇਂ ਆਮ ਨਿਵਾਸੀ**):

   ਏ. ਮਾਪੇ/ ਕਾਨੂੰਨੀ ਗਾਰਡੀਅਨ ਦਾ ਬੀ ਸੀ ਦਾ ਡਰਾਈਵਰ ਲਾਇਸੰਸ, ਬੀ ਸੀ ਸਰਵਿਸਜ਼ ਕਾਰਡ, ਬੀ ਸੀ ਆਈ ਡੀ ਜਾਂ ਬੀ ਸੀ ਦਾ ਕੇਅਰ ਕਾਰਡ; ਜਾਂ

   ਬੀ. ਸਬੂਤ ਦੇਣ ਵਾਲੇ ਹੋਰ ਡਾਕੂਮੈਂਟ ਜਿਵੇਂ ਘਰ ਦੀ ਮਾਲਕੀ/ਲੰਮੇ ਸਮੇਂ ਦੀ ਲੀਜ਼ ਦੇ ਕਾਗਜ਼, ਗੱਡੀ ਦੀ ਰਜਿਸਟ੍ਰੇਸ਼ਨ, ਕੰਮ ਦੇ ਰਿਕਾਰਡ, ਕੈਨੇਡਾ ਦੇ ਇਨਕਮ ਟੈਕਸ ਦੇ ਰਿਕਾਰਡ, ਆਦਿ।

5. **ਰਹਿਣ ਵਾਲੀ ਥਾਂ ਦੇ ਪਤੇ ਦਾ ਸਬੂਤ** (ਖ੍ਰੀਦ ਜਾਂ ਕਿਰਾਏ ਦਾ ਐਗਰੀਮੈਂਟ, ਹੀਟ-ਬੱਤੀਆਂ ਦਾ ਬਿੱਲ, ਡਰਾਈਵਰ ਲਾਇਸੰਸ ਆਦਿ)। ਨੋਟ: ਸਮਰਥਾ ਤੋਂ ਵੱਧ ਵਿਦਿਆਰਥੀਆਂ ਦੀ ਗਿਣਤੀ (ਓਵਰਕੈਪਿਸਿਟੀ) ਹੋਣ ਕਾਰਨ, ਕੁੱਝ ਸਕੂਲ ਰਹਿਣ ਵਾਲੀ ਥਾਂ ਦੇ ਪਤੇ ਬਾਰੇ ਹੋਰ ਸਬੂਤ ਮੰਗ ਸਕਦੇ ਹਨ।

ਸਕੂਲ ਜ਼ਿਲ੍ਹਾ ਸਮਝਦਾ ਹੈ ਕਿ ਨਿੱਜੀ ਹਾਲਤਾਂ ਕੁੱਝ ਲੋਕਾਂ ਲਈ ਰਜਿਸਟ੍ਰੇਸ਼ਨ ਦੇ ਅਮਲ ਨੂੰ ਮੁਕੰਮਲ ਕਰਨਾ ਮੁਸ਼ਕਿਲ ਕਰ ਸਕਦੀਆਂ ਹਨ। ਕਿਰਪਾ ਕਰਕੇ ਰਜਿਸਟਰ ਹੋਣ ਸਮੇਂ ਕਿਸੇ ਵੀ ਤਰ੍ਹਾਂ ਦੀਆਂ ਖਾਸ ਹਾਲਤਾਂ ਬਾਰੇ ਪ੍ਰਿੰਸੀਪਲ ਨਾਲ ਗੱਲ ਕਰੋ।

ਅਸੀਂ ਸਾਰੇ ਨਵੇਂ ਵਿਦਿਆਰਥੀਆਂ ਦਾ ਸਵਾਗਤ ਕਰਦੇ ਹਾਂ ਅਤੇ ਉਨ੍ਹਾਂ ਦੀ ਕਿਸੇ ਵੀ ਤਰ੍ਹਾਂ ਦੀ ਮਦਦ ਕਰਕੇ ਸਾਨੂੰ ਖੁਸ਼ੀ ਹੋਵੇਗੀ। ਜੇ ਤੁਹਾਡਾ ਕੋਈ ਹੋਰ ਸਵਾਲ ਹੋਵੇ ਤਾਂ ਆਪਣੇ ਨੇੜੇ ਦੇ ਸਕੂਲ ਨਾਲ ਸੰਪਰਕ ਕਰੋ ਜਾਂ ਸਕੂਲ ਜ਼ਿਲ੍ਹੇ ਨਾਲ (604) 596-7733 'ਤੇ ਸੰਪਰਕ ਕਰੋ।

ਉਹ ਕਾਗਜ਼-ਪੱਤਰ ਜਿਹੜੇ ਸਹਾਈ ਹੋ ਸਕਦੇ ਹਨ, **ਪਰ ਜਿਨ੍ਹਾਂ ਦੀ ਰਜਿਟਰ ਹੋਣ ਲਈ ਲੋੜ ਨਹੀਂ ਹੈ:**

- ਸਿਹਤ ਨਾਲ ਸੰਬੰਧਤ ਕਾਗਜ਼ (ਬੀ ਸੀ ਕੇਅਰ ਕਾਰਡ, ਟੀਕਿਆਂ ਦੇ (ਇਮੂਨਾਈਜੇਸ਼ਨ) ਰਿਕਾਰਡ, ਮੈਡੀਕਲ ਦੀਆਂ ਹਾਲਤਾਂ ਬਾਰੇ ਜਾਣਕਾਰੀ);

- ਵਿਦਿਅਕ ਪਿਛੋਕੜ (ਰਿਪੋਰਟ ਕਾਰਡ)।

*ਰਜਿਟ੍ਰੇਸ਼ਨ ਅਤੇ ਸਕੂਲ ਲੱਭਣ ਅਤੇ ਸਕੂਲ ਨਾਲ ਸੰਪਰਕ ਕਰਨ ਬਾਰੇ ਹੋਰ ਜਾਣਕਾਰੀ ਸਰੀ ਸਕੂਲ ਜ਼ਿਲ੍ਹੇ ਦੇ ਵੈੱਬਸਾਈਟ 'ਤੇ ਮਿਲ ਸਕਦੀ ਹੈ:* **www.surreyschools.ca**